# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।
# ਪ੍ਰੈਸ ਨੋਟ

## ਵਾਰਡ ਨੰ: 50 ਦੇ ਮੁਹੱਲਾ ਨਲੋਇਆਂ ਵਿਖੇ ਇੰਨਟਰਲਾਕਿੰਗ ਟਾਇਲਾਂ ਲਗਾਉਣ ਦੇ ਕੰਮ ਦੀ ਕੌਂਸਲਰ ਸੁਰੇਖਾ ਬਰਜਾਤਾ ਵੱਲੋਂ ਸ਼ੁਰੂਆਤ
### ਮੁੱਹਲਾ ਨਿਵਾਸੀਆਂ ਨੇ ਮੇਅਰ ਸ਼ਿਵ ਸੂਦ ਅਤੇ ਕੌਂਸਲਰ ਦਾ ਕੀਤਾ ਧੰਨਵਾਦ

ਹੁਸ਼ਿਆਰਪੁਰ 5 ਜੂਨ ਨਗਰ ਨਿਗਮ ਦੇ ਵਾਰਡ ਨੰ: 50 ਦੇ ਮੁਹੱਲਾ ਨਲੋਈਆਂ ਵਿਖੇ ਇੰਟਰਲਾਕਿੰਗ ਟਾਇਲਾਂ ਦੀਆਂ ਬਣਨ ਵਾਲੀਆਂ ਗਲੀਆਂ ਦੇ ਕੰਮ ਦੀ ਸ਼ੁਰੂਆਤ ਕੌਂਸਲਰ ਸੁਰੇਖਾ ਬਰਜਾਤਾ ਵੱਲੋਂ ਕਰਨ ਤੇ ਮੁੱਹਲਾ ਨਿਵੌਾਆਂ ਨੇ ਵੱਡੀ ਗਿਣਤੀ ਵਿੱਚ ਇੱਕਠੇ ਹੋ ਕੇ ਉਨ੍ਹਾ ਦਾ ਧੰਨਵਾਦ ਕੀਤਾ।ਇਸ ਮੌਕੇ ਤੇ ਕੌਂਸਲਰ ਸੁਰੇਖਾ ਬਜਜਾਤਾ ਨੇ ਦੱਸਿਆ ਕਿ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਵੱਲੋਂ ਵਾਰਡ ਨੰ: 50 ਵਿਖੇ ਸਰਬ ਪੱਖੀ ਵਿਕਾਸ ਕਰਵਾਏ ਜਾ ਰਹੇ ਹਨ ਜਿਸ ਉਹ ਉਨ੍ਹਾ ਦੇ ਧੰਨਵਾਦੀ ਹਨ।

ਮੇਅਰ ਸ਼ਿਵ ਸੂਦ ਨੇ ਵਾਰਡ ਨੰ: 50 ਵਿੱਚ ਕਰਵਾਏ ਵਿਕਾਸ ਕਰਜਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੇਂਦਰ ਸਰਕਾਰ ਦੀ ਅਮ੍ਰਿਤ ਯੋਜਨਾਂ ਤਹਿਤ ਪ੍ਰਾਪਤ ਹੋਣ ਵਾਲੇ ਫੰਡਾਂ ਨਾਲ ਜਲਦੀ ਹੀ ਇਸ ਵਾਰਡ ਦੇ ਮੁੱਹਲਾ ਹਰਗੋਬਿੰਦ ਨਗਰ, ਨਵੀ ਅਬਾਦੀ ਮੁੱਹਲਾ ਨੀਲ ਕੰਠ, ਪੂਰਨ ਨਗਰ ਅਤੇ ਬੰਜ਼ਰ ਬਾਗ ਵਿਖੇ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਅਤੇ ਸੀਵਰੇਜ਼ ਪਾਉਣ ਦਾ ਕੰਮ ਜਲਦੀ ਹੀ ਸ਼ੁਰੂ ਕੀਤਾ ਜਾਵੇਗਾ ਜਿਸ ਨਾਲ ਇਨ੍ਹਾ ਮੁੱਹਲਿਆਂ ਵਿੱਚ ਸੀਵਰੇਜ਼ ਅਤੇ ਪਾਣੀ ਦੀ ਸੁਵਿਧਾ ਉਪਲਬਧ ਹੋਵੇਗੀ।

ਡਾ. ਪ੍ਰਵੀਨ ਕੁਮਾਰ, ਹਰਭਜਨ ਲਾਲ, ਹਿੰਮਤ ਕੁਮਾਰ, ਕਮਲਜੀਤ, ਰਾਮ ਗੋਪਾਲ ਰੌਸ਼ਨ, ਅਸ਼ੋਕ ਕੁਮਾਰ, ਸੋਹਣ ਲਾਲ, ਸੰਦੀਪ ਕੁਮਾਰ, ਸੁੱਖਦੀਪ ਚੰਦ, ਕਿਰਨ ਬਾਲਾ, ਰਜਨੀ ਬਾਲਾ, ਸੁੱਖਵਿੰਦਰ ਕੌਰ, ਰੀਨਾ ਰਹਣੀ, ਦੇਵੀ, ਸੁਰਿੰਦਰ ਕੌਰ, ਪੂਨਮ, ਪਲਵੀ, ਬਲਵੀਰ ਕੌਰ, ਮਨਜੀਤ ਕੌਰ, ਪੂਜਾ, ਹਰਜਿੰਦਰ ਕੌਰ, ਰਾਣੀ ਅਤੇ ਮੁੱਹਲਾ ਨਿਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।